# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ
# ਫੁਰਸਤ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ

ਫੁਰਸਤ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ (LCSD) ਇੱਕ ਵਿਸ਼ਵ ਪੱਧਰੀ ਸ਼ਹਿਰ ਅਤੇ ਪ੍ਰੋਗਰਾਮਾਂ ਦੀ ਰਾਜਧਾਨੀ ਵਜੋਂ ਹਾਂਗ ਕਾਂਗ ਦੇ ਵਿਕਾਸ ਦੇ ਅਨੁਕੂਲ ਉੱਚ ਫੁਰਸਤ ਅਤੇ ਸਭਿਆਚਾਰਕ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਅਸੀਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਦੁਆਰਾ ਸਾਡੀਆਂ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਮਹੱਤਵ ਦਿੰਦੇ ਹਾਂ।

ਸਬੰਧਿਤ ਸੇਵਾਵਾਂ

- ਆਮ ਲੋਕ ਮਨੋਰੰਜਨ ਅਤੇ ਖੇਡ ਸਹੂਲਤਾਂ ਬੁੱਕ ਕਰ ਸਕਦੇ ਹਨ ਅਤੇ ਸੇਵਾ ਕਾਊਂਟਰਾਂ 'ਤੇ ਮਨੋਰੰਜਨ ਅਤੇ ਖੇਡ ਪ੍ਰੋਗਰਾਮਾਂ ਨੂੰ ਦਰਜ ਕਰਵਾ ਸਕਦੇ ਹਨ, ਬਾਕਸ ਦਫਤਰਾਂ ਤੋਂ ਸਭਿਆਚਾਰਕ ਸਮਾਗਮਾਂ ਦੀਆਂ ਟਿਕਟਾਂ ਖਰੀਦ ਸਕਦੇ ਹਨ ਅਤੇ ਸਾਡੇ ਖੇਡਾਂ ਅਤੇ ਸਭਿਆਚਾਰਕ ਸਥਾਨਾਂ ਦੇ ਨਾਲ ਨਾਲ ਜ਼ਿਲ੍ਹਾ ਫੁਰਸਤ ਸੇਵਾਵਾਂ ਦਫਤਰਾਂ 'ਤੇ ਸਹੂਲਤਾਂ ਕਿਰਾਏ 'ਤੇ ਲੈ ਸਕਦੇ ਹਨ। ਇਹ ਸੇਵਾਵਾਂ ਚੀਨੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਦਿੱਤੀਆਂ ਜਾਣਗੀਆਂ।

- ਆਮ ਲੋਕ ਸਾਡੀ ਸੇਵਾਵਾਂ ਨਾਲ ਸਬੰਧਿਤ ਪੁੱਛਗਿੱਛ ਅਤੇ ਸ਼ਿਕਾਇਤਾਂ, ਚੀਨੀ ਜਾਂ ਅੰਗਰੇਜ਼ੀ ਵਿਚ ਸਾਡੇ ਸਥਾਨਾਂ ਅਤੇ ਜ਼ਿਲ੍ਹਾ ਫੁਰਸਤ ਸੇਵਾਵਾਂ ਦੇ ਦਫਤਰਾਂ ਦੇ ਪੁੱਛ-ਗਿੱਛ ਕਾਊਂਟਰਾਂ (ਸੱਭਿਆਚਾਰਕ ਸਥਾਨਾਂ ਲਈ) / ਸੇਵਾ ਕਾਊਂਟਰਾਂ (ਫੁਰਸਤ ਸਥਾਨਾਂ ਲਈ) 'ਤੇ ਵੀ ਦਰਜ ਕਰਾ ਸਕਦੇ ਹਨ।

- ਸਾਡੀਆਂ ਸੇਵਾਵਾਂ ਅਤੇ ਸਹੂਲਤਾਂ ਬਾਰੇ ਜਾਣਕਾਰੀ LCSD ਦੀ ਵੈਬਸਾਈਟ ਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਉਪਲਬਧ ਹੈ। ਲਿਖਤੀ ਸਮਗਰੀ, ਪ੍ਰਚਾਰ ਸੰਬੰਧੀ ਸਮਗਰੀ ਅਤੇ ਪ੍ਰੋਗਰਾਮ ਦੀ ਜਾਣਕਾਰੀ ਸਮੇਤ ਚੀਨੀ ਅਤੇ ਅੰਗਰੇਜ਼ੀ ਵਿੱਚ ਵੀ ਉਪਲਬਧ ਹੈ।

| | |
|---|---|
| ਮੌਜੂਦਾ ਉਪਾਅ | • ਜਿੱਥੇ ਜਰੂਰੀ ਅਤੇ ਉਚਿਤ ਹੋਵੇਗਾ ਨਸਲੀ ਘੱਟ ਗਿਣਤੀ ਲੋਕਾਂ ਦੀ ਏਕਤਾ ਅਤੇ ਤੱਰਕੀ ਲਈ ਕੇਂਦਰ ਦੁਆਰਾ (CHEER) ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਭਾਵ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਟੈਲੀਫੋਨ ਵਿਆਖਿਆ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ।<br><br>• ਭਾਸ਼ਾ ਸੇਵਾਵਾਂ ਦੀ ਉਪਲਬਧਤਾ ਬਾਰੇ ਵੱਖ ਵੱਖ ਨਸਲਾਂ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਸਾਡੇ ਸਥਾਨਾਂ ਅਤੇ ਜ਼ਿਲ੍ਹਾ ਫੁਰਸਤ ਸੇਵਾਵਾਂ ਦੇ ਦਫਤਰਾਂ ਦੇ ਪੁੱਛ-ਗਿੱਛ ਕਾਊਂਟਰਾਂ (ਸੱਭਿਆਚਾਰਕ ਸਥਾਨਾਂ ਲਈ) / ਸੇਵਾ ਕਾਊਂਟਰਾਂ (ਫੁਰਸਤ ਸਥਾਨਾਂ ਲਈ) 'ਤੇ ਨੋਟਿਸ ਦਿੱਤੇ ਗਏ ਹਨ। ਸਾਡੇ ਸਟਾਫ ਦੀ ਸਹਾਇਤਾ ਲਈ ਸੰਚਾਰ ਸਾਧਨ ਜਿਵੇਂ ਕਿ ਭਾਸ਼ਾ ਪਛਾਣ ਕਾਰਡ ਢੁੱਕਵੀਂ ਭਾਸ਼ਾ ਸੇਵਾ ਪ੍ਰਦਾਨ ਕਰਨ ਲਈ ਉਪਲਬਧ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਮੀਖਿਆ ਅਤੇ ਹੋਰ ਸੁਧਾਰ ਲਈ ਭਾਸ਼ਾ ਸੇਵਾਵਾਂ ਦੀ ਸਾਡੀ ਵਿਵਸਥਾ 'ਤੇ ਆਪਣੇ ਤਜ਼ਰਬੇ ਅਤੇ ਨਿਰੀਖਣਾਂ ਨੂੰ ਰਿਕਾਰਡ ਕਰਨ ਲਈ ਫਰੰਟਲਾਈਨ ਸਟਾਫ ਲਈ ਇੱਕ ਨਮੂਨਾ ਤਿਆਰ ਕੀਤਾ ਗਿਆ ਹੈ।<br><br>• ਆਮ ਲੋਕਾਂ, ਸਮੇਤ ਵੱਖੋ-ਵੱਖ ਨਸਲਾਂ ਦੇ ਲੋਕਾਂ ਤੋਂ ਫੀਡਬੈਕ/ਸੁਝਾਅ ਰਿਕਾਰਡ ਕੀਤੇ ਜਾਣਗੇ ਅਤੇ ਇਨ੍ਹਾਂ 'ਤੇ ਵਿਚਾਰ ਕੀਤਾ ਜਾਵੇਗਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਜਿੱਥੇ ਜਰੂਰੀ ਅਤੇ ਢੁਕਵਾਂ ਹੈ, ਕੀ ਉੱਥੇ ਹੋਰ ਸੁਧਾਰ ਕੀਤੇ ਜਾ ਸਕਦੇ ਹਨ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਬਹੁਤ ਵਧੀਆ ਜਨਤਕ ਹਿੱਤਾਂ ਦੀਆਂ ਲਿਖਤੀ ਸਮੱਗਰੀਆਂ ਦੇ ਨਾਲ-ਨਾਲ ਉਨ੍ਹਾਂ ਦੇ ਈ-ਸੰਸਕਰਣਾਂ ਨੂੰ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਵਿਚਾਰ ਕੀਤਾ ਜਾਂਦਾ ਹੈ। LCSD ਨੇ ਜਲ ਸੁਰੱਖਿਆ ਸੁਝਾਅ ਨੂੰ ਸੱਤ ਭਾਸ਼ਾਵਾਂ |

ਹਿੰਦੀ, ਬਹਾਸਾ ਇੰਡੋਨੇਸ਼ੀਆ, ਨੇਪਾਲੀ, ਉਰਦੂ, ਤਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਅਨੁਵਾਦ ਕੀਤਾ ਹੈ, ਜਿਸ ਨੂੰ LCSD ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਗਿਆ ਹੈ।

- LCSD ਸਟਾਫ ਨੂੰ ਬਰਾਬਰ ਮੌਕਿਆਂ ਅਤੇ ਨਸਲੀ ਵਿਤਕਰਾ ਆਰਡੀਨੈਂਸ ਬਾਰੇ ਸਿਖਲਾਈ ਪ੍ਰਦਾਨ ਕਰੇਗਾ, ਤਾਂ ਜੋ ਉਹ ਨਸਲੀ ਬਰਾਬਰਤਾ ਬਾਰੇ ਆਪਣੀ ਸਮਝ ਨੂੰ ਅਮੀਰ ਕਰ ਸਕਣ।

LCSD ਵਿਚ ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਾਰਜਕਾਰੀ ਅਧਿਕਾਰੀ (ਜਨਰਲ) 3 ਮਿਸ ਟਿਫਨੀ ਪੈਂਗ, ਨਾਲ ਸੰਪਰਕ ਕਰੋ–


| | |
|---|---|
| ਟੈਲੀਫੋਨ ਨੰ. | : 2601 8900 |
| ਫੈਕਸ ਨੰ. | : 2603 0642 |
| ਈਮੇਲ | : eog3@lcsd.gov.hk |
| ਡਾਕ ਲਈ ਪਤਾ | : 13/F., Leisure and Cultural Services Headquarters,<br>1 – 3 Pai Tau Street, Sha Tin |


ਫੁਰਸਤ ਅਤੇ ਸਭਿਆਚਾਰਕ ਸੇਵਾਵਾਂ ਦਾ ਵਿਭਾਗ
ਮਈ 2025